# *ਪੰਜਾਬ ਦੇ ਗੌਰਵਮਈ ਇਤਿਹਾਸ ਦਾ ਜਗਮਗਾਉਂਦਾ ਅਧਿਆਇ*

ਸੁਰਜੀਤ ਪਾਤਰ

ਗੁਰਸ਼ਰਨ ਸਿੰਘ ਨਹੀਂ ਰਹੇ।

ਉਹ ਇਕ ਬਾਤ ਹੋ ਗਏ, ਇਕ ਦੰਦ-ਕਥਾ ਬਣ ਗਏ, ਇਤਿਹਾਸ ਹੋ ਗਏ।

ਇਹ ਸੋਚ ਕੇ ਚੰਗਾ ਲੱਗਦਾ ਹੈ ਕਿ ਅਸੀਂ ਉਨ੍ਹਾਂ ਨਾਲ ਗੱਲਾਂ ਕੀਤੀਆਂ, ਉਨ੍ਹਾਂ ਨੂੰ ਮੰਚ 'ਤੇ ਰੋਲ ਕਰਦੇ ਦੇਖਿਆ, ਉਨ੍ਹਾਂ ਦੇ ਪੈਰ ਛੋਹੇ, ਉਨ੍ਹਾਂ ਦੀ ਹਾਜ਼ਰੀ ਵਿਚ ਕਵਿਤਾਵਾਂ ਪੜ੍ਹੀਆਂ, ਉਨ੍ਹਾਂ ਦੀਆਂ ਚਮਕਦੀਆਂ ਅੱਖਾਂ ਦੇਖੀਆਂ, ਉਨ੍ਹਾਂ ਦੀ ਭਾਰੀ ਗੜ੍ਹਕਦੀ ਗੌਰਵਮਈ ਆਵਾਜ਼ ਸੁਣੀ।

ਆਖਰੀ ਵਾਰ ਉਨ੍ਹਾਂ ਨੂੰ ਮੈਂ ਪਿੰਡ ਬੀਜੇ, ਕੁਰਸੀ 'ਤੇ ਬੈਠ ਕੇ ਲੋਕਾਂ ਦੇ ਇਕੱਠ ਨੂੰ ਸੰਬੋਧਿਤ ਹੁੰਦਿਆਂ ਸੁਣਿਆ ਸੀ। ਉਨ੍ਹਾਂ ਦੀ ਸਿਹਤ ਇਜਾਜ਼ਤ ਨਹੀਂ ਸੀ ਦਿੰਦੀ ਕਿ ਉਹ ਖੜ੍ਹੇ ਹੋ ਕੇ ਬੋਲਣ ਪਰ ਉਨ੍ਹਾਂ ਦੀ ਆਵਾਜ਼ ਨਾਲ ਹੀ ਸਾਰਾ ਮੰਚ ਭਰਿਆ ਪਿਆ ਸੀ। ਉਨ੍ਹਾਂ ਦੀ ਆਵਾਜ਼ ਇਉਂ ਸੀ ਜਿਵੇਂ ਦਰਿਆ ਦਾ ਵਹਿਣ ਬੋਲਦਾ ਹੋਵੇ, ਜਿਵੇਂ ਖ਼ੁਦ ਇਤਿਹਾਸ ਬੋਲਦਾ ਹੋਵੇ, ਜਿਵੇਂ ਸਮਾਂ ਬੋਲਦਾ ਹੋਵੇ।

ਉਨ੍ਹੀਂ ਦਿਨੀਂ ਜਦੋਂ ਸੂਰਜ ਡੁੱਬਦੇ ਸਾਰ ਸਾਰੇ ਪੰਜਾਬ ਦੇ ਬੂਹੇ ਬੰਦ ਹੋ ਜਾਂਦੇ ਸਨ, ਕੋਈ ਡਰਦਾ ਦੀਵਾ ਨਹੀਂ ਸੀ ਬਾਲਦਾ, ਉੱਚੀ ਸਾਹ ਨਹੀਂ ਸੀ ਲੈਂਦਾ, ਜਿਹੜਾ ਵੀ ਦਰਵਾਜ਼ਾ ਖੜਕਦਾ ਸੀ, ਅਰਥੀ ਵਿਚ ਬਦਲ ਜਾਂਦਾ ਸੀ ਉਨ੍ਹਾਂ ਭਿਆਨਕ ਹਨ੍ਹੇਰੀਆਂ ਰਾਤਾਂ ਵਿਚ ਇਕ ਆਵਾਜ਼ ਲਾਟ ਵਾਂਗ ਬਲਦੀ ਸੀ। ਉਹ ਆਵਾਜ਼ ਗੁਰਸ਼ਰਨ ਸਿੰਘ ਦੀ ਸੀ। ਨਿਰਦੋਸ਼ਾਂ ਦੇ ਹਤਿਆਰਿਆਂ ਨੂੰ ਵੰਗਾਰਦੀ, ਭਾਵੇਂ ਉਹ ਖਾੜਕੂ ਸਨ ਜਾਂ ਪੁਲੀਸ ਦੇ ਅਹੁਦੇਦਾਰ ਜਾਂ ਰਾਜਸੀ ਸ਼ਤਰੰਜ ਵਿਛਾ ਕੇ ਬੈਠੀ ਸਰਕਾਰ ਤੇ ਪਾਰਟੀਆਂ।

*ਉਹ ਧਰਤੀ ਵਾਂਗ ਬੋਲਦਾ ਸੀ*
*ਦੀਵਾਰਾਂ ਵਾਂਗ ਨਹੀਂ*

ਗੁਰਸ਼ਰਨ ਸਿੰਘ ਦੂਰਦਰਾਜ਼ ਪਿੰਡਾਂ ਦੇ ਹਨ੍ਹੇਰੇ ਕੋਨਿਆਂ ਵਿਚ ਚੇਤਨਾ ਦੀ ਲੋਅ ਲੈ ਕੇ ਗਿਆ। ਕੋਈ ਥੜ੍ਹਾ, ਕੋਈ ਗੱਡਾ, ਕੋਈ ਟਿੱਲਾ ਉਸ ਲਈ ਰੰਗਮੰਚ ਬਣ ਜਾਂਦਾ ਸੀ। ਮਾੜਾ-ਮੋਟਾ ਸੈੱਟ ਲਾ ਕੇ, ਆਪਣੀ ਕਹਾਣੀ, ਆਪਣੇ ਜਜ਼ਬੇ, ਅਪਣੀ ਦਲੀਲ ਤੇ ਆਪਣੀ ਆਵਾਜ਼ ਨਾਲ ਉਹ ਲੋਕਾਂ ਨੂੰ ਕੀਲ ਲੈਂਦਾ ਸੀ। ਉਹ ਲੋਕਾਂ ਦੇ ਦਿਲਾਂ ਵਿਚ ਚੇਤਨਾ ਦੇ ਬੀਜ ਬੀਜਦਾ ਸੀ। ਉਨ੍ਹਾਂ ਨੂੰ ਬਰਾਬਰੀ ਤੇ ਇਨਸਾਫ਼ ਭਰੇ ਨਿਜ਼ਾਮ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਸੀ।

ਮੈਨੂੰ ਯਾਦ ਹੈ ਕਿ ਮੇਰੇ ਬਚਪਨ ਦੇ ਦਿਨਾਂ ਵਿਚ ਸਾਂਝੀ ਕਮਿਊਨਿਸਟ ਪਾਰਟੀ ਪਿੰਡ-

ਪਿੰਡ ਜਾ ਕੇ ਲੋਕਾਂ ਨੂੰ ਚੇਤਨ ਕਰਨ ਵਾਲੇ ਨਾਟਕ ਕਰਦੀ ਹੁੰਦੀ ਸੀ। ਫਿਰ ਪਾਰਟੀਆਂ ਬਿਖਰ ਗਈਆਂ, ਉਲਝ ਗਈਆਂ, ਆਰਾਮ-ਪ੍ਰਸਤ ਹੋ ਗਈਆਂ। ਫਿਰ ਇਕੱਲਾ ਗੁਰਸ਼ਰਨ ਸਿੰਘ ਹੀ ਚੇਤਨਾ ਦੀ ਮਸ਼ਾਲ ਲੈ ਕੇ ਪਿੰਡ-ਪਿੰਡ, ਨਗਰ-ਨਗਰ ਗਿਆ।

ਉਹ ਕਿੰਨਾ ਪ੍ਰਤਿਭਾਸ਼ੀਲ ਤੇ ਹਾਜ਼ਰ-ਜਵਾਬ ਰੰਗਕਰਮੀ ਸੀ, ਇਸ ਦੀ ਇਕ ਮਿਸਾਲ ਦਾ ਚਸ਼ਮਦੀਦ ਗਵਾਹ ਹਾਂ ਮੈਂ। ਪੰਜਾਬੀ ਭਵਨ ਦੇ ਮੰਚ 'ਤੇ ਇਕ ਨਾਟਕ ਖੇਡਦਿਆਂ ਗੁਰਸ਼ਰਨ ਸਿੰਘ ਹੋਰਾਂ ਦੀ ਟੀਮ ਦਾ ਲਗਾਇਆ ਇਕ ਚਲਾਵਾਂ ਜਿਹਾ ਸੈੱਟ ਡਿੱਗ ਪਿਆ। ਗੁਰਸ਼ਰਨ ਸਿੰਘ ਪੂਰੀ ਗੰਭੀਰਤਾ ਨਾਲ ਕਹਿਣ ਲੱਗੇ : ਇਸ ਨਿਜ਼ਾਮ ਵਿਚ ਗ਼ਰੀਬਾਂ ਦੇ ਕੱਚੇ ਕੋਠੇ ਇਸ ਤਰ੍ਹਾਂ ਹੀ ਡਿੱਗਦੇ ਰਹਿਣਗੇ। ਉਨ੍ਹਾਂ ਦੇ ਇਸ ਸੰਵਾਦ ਨਾਲ ਪੰਜਾਬੀ ਭਵਨ ਦਾ ਖੁੱਲ੍ਹਾ ਰੰਗਮੰਚ ਤਾੜੀਆਂ ਨਾਲ ਗੂੰਜ ਉਠਿਆ। ਏਨੇ ਚਿਰ ਨੂੰ ਉਨ੍ਹਾਂ ਦੀ ਟੀਮ ਦੇ ਇਕ ਰੰਗਕਰਮੀ ਨੇ ਦੁਬਾਰਾ ਸੈਟ ਨੂੰ ਰੁਖ਼ ਸਿਰ ਕਰ ਦਿੱਤਾ। ਗੁਰਸ਼ਰਨ ਸਿੰਘ ਫਿਰ ਆਪਣੀ ਭਾਰੀ ਗਉਰੀ ਆਵਾਜ਼ ਵਿਚ ਕਹਿਣ ਲੱਗੇ : ਤੇ ਇਨ੍ਹਾਂ ਕੱਚੇ ਕੋਠਿਆਂ ਨੂੰ ਮੁੜ-ਮੁੜ ਉਸਾਰਨ ਵਾਲੇ ਇਸ ਧਰਤੀ ਦੇ ਬਹਾਦਰ ਲੋਕ ਵੀ ਸਦਾ ਆਪਣਾ ਰੋਲ ਅਦਾ ਕਰਦੇ ਰਹਿਣਗੇ। ਪੰਡਾਲ ਇਕ ਵਾਰੀ ਫੇਰ ਤਾੜੀਆਂ ਨਾਲ ਗੂੰਜ ਉਠਿਆ।

ਸਾਡਾ ਯੁੱਗ ਜਿਸ ਵਿਚ ਫਿਲਮ ਤੇ ਟੈਲੀਵੀਯਨ ਦਾ ਬਹੁਤਾ ਸਮਾਂ ਸਥਾਨ ਮੁਨਾਫ਼ਾਖੋਰਾਂ ਨੇ ਮੱਲ ਲਿਆ ਹੈ, ਉਸ ਵਿਚ ਗੁਰਸ਼ਰਨ ਸਿੰਘ ਹੋਰਾਂ ਦੀ ਤਰਜ਼ ਦੇ ਥੀਏਟਰ ਦੀ ਅਹਿਮੀਅਤ ਹੋਰ ਵੀ ਵਧ ਗਈ ਹੈ।

ਪੰਜਾਬ ਦੇ ਪਿੰਡਾਂ ਨੂੰ ਜਾਂਦੇ ਅਨੇਕ ਰਾਹ ਅਜਿਹੇ ਹਨ ਜਿਨ੍ਹਾਂ ਉਤੇ ਗੁਰਸ਼ਰਨ ਸਿੰਘ ਦੀ ਪੈੜ ਤੋਂ ਬਿਨਾਂ ਹੋਰ ਕਿਸੇ ਲੇਖਕ ਦੀ ਪੈੜ ਨਹੀਂ। ਗੁਰਸ਼ਰਨ ਸਿੰਘ ਆਪਣੇ ਨਾਲ ਸਿਰਫ਼ ਨਾਟਕ ਹੀ ਨਹੀਂ, ਕਿਤਾਬਾਂ ਵੀ ਲੈ ਕੇ ਗਿਆ। ਉਸ ਨੇ ਸਸਤੇ ਮੁੱਲ 'ਤੇ ਵਧੀਆ ਸਾਹਿਤ ਛਾਪਿਆ ਤੇ ਕਿੰਨੇ ਸਾਹਿਤ ਦੇ ਲਫ਼ਜ਼ਾਂ ਨੂੰ ਨਾਟਕੀ ਰੂਪ ਦੇ ਕੇ ਉਸ ਨੇ ਚੇਤਨਾ ਦੇ ਬੀਜਾਂ ਵਾਂਗ ਲੋਕ-ਮਨਾਂ ਦੀ ਧਰਤੀ ਵਿਚ ਖਿਲਾਰਿਆ।

ਪਿਛਲੇ ਪੰਜ ਦਹਾਕਿਆਂ ਦੌਰਾਨ ਰੰਗਮੰਚ ਰਾਹੀਂ ਪਿੰਡਾਂ ਦੇ ਲੋਕਾਂ ਵਿਚ ਰਾਜਸੀ, ਸਮਾਜਕ ਤੇ ਸਾਹਿਤਕ ਚੇਤਨਾ ਦਾ ਪਾਸਾਰ ਕਰਨ ਵਿਚ ਗੁਰਸ਼ਰਨ ਸਿੰਘ ਦਾ ਕੋਈ ਸਾਨੀ ਨਹੀਂ। ਚੇਤਨਾ ਦਾ ਇਹ ਪਾਸਾਰ ਗੁਰਸ਼ਰਨ ਸਿੰਘ ਹੋਰਾਂ ਨੇ ਜਿਸ ਭਾਸ਼ਾ ਵਿਚ ਕੀਤਾ, ਉਹ ਸਹੀ ਅਰਥਾਂ ਵਿਚ ਲੋਕਾਂ ਦੀ ਭਾਸ਼ਾ ਸੀ। ਭਾਸ਼ਾ ਤੋਂ ਮੇਰਾ ਭਾਵ ਸਿਰਫ਼ ਪੰਜਾਬੀ ਸ਼ਬਦਾਵਲੀ ਨਹੀਂ, ਪੰਜਾਬ ਦਾ ਇਤਿਹਾਸ, ਪੰਜਾਬ ਦਾ ਵਿਰਸਾ ਤੇ ਪੰਜਾਬ ਦੀ ਲੋਕਧਾਰਾ ਹੈ।

ਗੁਰਸ਼ਹਨ ਸਿੰਘ ਹੁਣ ਪੰਜਾਬ ਦੇ ਗੌਰਵਮਈ ਇਤਿਹਾਸ ਦਾ ਜਗਮਗਾਉਂਦਾ ਅਧਿਆਇ ਹੈ, ਜਿਸ ਦੀ ਇਬਾਰਤ ਸਾਨੂੰ ਵਾਰ-ਵਾਰ ਇਹ ਦੇਤੇ ਕਰਾਉਂਦੀ ਰਹੇਗੀ ਕਿ ਅਸੀਂ ਪਿਆਰ, ਇਨਸਾਫ਼ ਤੇ ਬਰਾਬਰੀ ਵਾਲੇ ਜਹਾਨ ਲਈ ਸੰਘਰਸ਼ ਕਰਨਾ ਹੈ।

ਇਸ ਅਧਿਆਇ ਦੀ ਬਦੌਲਤ ਲੱਗਦਾ ਹੈ, ਗੁਰਸ਼ਰਨ ਸਿੰਘ ਕਿਤੇ ਨਹੀਂ ਗਿਆ, ਇਕ ਮਿਸਾਲ ਬਣ ਕੇ, ਸੁਹਣੇ ਜਹਾਨ ਦੀ ਰੀਝ ਬਣ ਕੇ, ਹੌਂਸਲਾ ਤੇ ਸਿਦਕ ਬਣ ਕੇ, ਵਿਵੇਕ ਤੇ ਵਿਅੰਗ ਭਰੀ ਪ੍ਰੇਰਣਾਮਈ ਆਵਾਜ਼ ਬਣ ਕੇ ਸਾਡੇ ਦਿਲਾਂ ਵਿਚ ਵੱਸ ਗਿਆ ਹੈ।